## ਫ਼ਾਰਮ 15 ਜੀ ਅਤੇ 15 ਐਚ

ਆਮਦਨ ਕਰ ਕਾਨੂੰਨ, 1961 ਦੀਆਂ ਧਾਰਾਵਾਂ ਅਧੀਨ ਮਿਆਦੀ ਜਮ੍ਹਾ ਰਕਮਾਂ (ਟਾਈਮ ਡਿਪਾਜ਼ਿਟਸ) ਉੱਤੇ ਅਦਾ ਕੀਤਾ/ਕ੍ਰੈਡਿਟ ਕੀਤਾ ਵਿਆਜ ਪ੍ਰਭਾਵੀ ਲਾਗੂ ਦਰਾਂ ਤੇ ਸ੍ਰੋਤ ਉੱਤੇ ਕਰ ਕਟੌਤੀ (ਟੀਡੀਐਸ) ਅਧੀਨ ਹੈ। ਪਰ ਹੋਰਨਾਂ ਦੇ ਨਾਲ, ਅਜਿਹਾ ਟੀਡੀਐਸ ਹੇਠਾਂ ਲਿਖੇ ਮਾਮਲਿਆਂ ਵਿੱਚ ਲਾਗੂ ਨਹੀਂ ਹੋਵੇਗਾ:

1. ਜਿੱਥੇ ਕਿਸੇ ਸ਼ਾਖਾ ਦੁਆਰਾ ਭਾਰਤ ਵਿੱਚ **ਨਿਵਾਸੀ** ਕਿਸੇ ਵਿਅਕਤੀ ਨੂੰ ਇਕ ਵਿੱਤ ਵਰ੍ਹੇ ਦੌਰਾਨ (1 ਅਪ੍ਰੈਲ ਤੋਂ 31 ਮਾਰਚ ਤਕ) ਅਦਾ/ਕ੍ਰੈਡਿਟ ਕੀਤਾ ਜਾ ਸਕਣ ਵਾਲਾ ਕੁੱਲ ਵਿਆਜ 10,000 ਰੁ. ਤੋਂ ਵੱਧ ਨਾ ਹੋਵੇ (1 ਜੂਨ 2007 ਤੋਂ ਪਹਿਲਾਂ, 5,000 ਰੁ.)।
2. **ਕਿਸੇ ਵੀ ਵਿਅਕਤੀ (ਕੰਪਨੀ ਜਾਂ ਫਰਮ ਨੂੰ ਛੱਡ ਕੇ)** ਦੇ ਮਾਮਲੇ ਵਿੱਚ (ਨਿਯਮ 29 ਸੀ ਨਾਲ ਪੜ੍ਹੀ ਧਾਰਾ 197 ਏ(1ਏ):
   ੳ. ਜੋ ਭਾਰਤ ਵਿੱਚ **ਨਿਵਾਸੀ** ਹੈ; *ਅਤੇ*
   ਅ. ਜਿਸ ਦੀ ਸਬੰਧਿਤ ਵਿੱਤ ਵਰ੍ਹੇ(1 ਅਪ੍ਰੈਲ ਤੋਂ 31 ਮਾਰਚ ਤਕ) ਦੀ ਕੁੱਲ ਅੰਦਾਜ਼ਨ ਆਮਦਨ ਉੱਤੇ **ਸਾਲਾਨਾ ਕੁੱਲ ਆਮਦਨ ਕਰ ਦੀ ਦੇਣਦਾਰੀ ਸਿਫ਼ਰ** ਹੈ (ਕਿਰਪਾ ਕਰਕੇ ਚੇਤੇ ਰੱਖੋ ਕਿ ਕੁੱਲ ਆਮਦਨ ਕਰ ਦੀ ਦੇਣਦਾਰੀ ਦਾ ਹਿਸਾਬ ਕੋਈ ਵੀ ਟੀਡੀਐਸ ਛੱਡ ਕੇ ਕਰਨਾ ਚਾਹੀਦਾ ਹੈ); *ਅਤੇ*
   ੲ. ਸਬੰਧਿਤ ਵਿੱਤ ਵਰ੍ਹੇ ਦੌਰਾਨ ਮਿਆਦੀ ਜਮ੍ਹਾ ਰਕਮ(ਾਂ) ਉੱਤੇ ਅਦਾਯੋਗ/ਕ੍ਰੈਡਿਟਯੋਗ ਕੁੱਲ 'ਵਿਆਜ' ਅਜਿਹੇ ਵਿਅਕਤੀ ਦੇ ਮਾਮਲੇ ਵਿੱਚ ਆਮਦਨ ਕਰ ਨਾ ਲਗਾਉਣ ਯੋਗ ਵੱਧ ਤੋਂ ਵੱਧ ਰਕਮ ਤੋਂ **ਵੱਧ ਨਾ ਹੋਵੇ**; *ਅਤੇ*
   ਸ. **ਜੋ ਹਰ** ਆਪਣੇ ਆਪ ਵਿੱਚ, ਜੋ ਹਰ ਵਿੱਤ ਵਰ੍ਹੇ ਲਈ **ਸਮਾਂ ਰਹਿੰਦੇ ਤਜਵੀਜ਼ ਕੀਤੇ ਫ਼ਾਰਮ ਨੰ. 15 ਜੀ (ਦੋ ਕਾਪੀਆਂ)** ਵਿੱਚ ਪੂਰਾ ਭਰਿਆ ਐਲਾਨ ਸ਼ਾਖਾ ਵਿੱਚ ਜਮ੍ਹਾ ਕਰਵਾਉਂਦਾ ਹੈ। ਕਿਰਪਾ ਕਰਕੇ ਚੇਤੇ ਰੱਖੋ ਕਿ ਫ਼ਾਰਮ 15 ਜੀ ਹਰ ਵਿੱਤ ਵਰ੍ਹੇ ਲਈ ਜਮ੍ਹਾ ਕਰਵਾਉਣਾ ਹੁੰਦਾ ਹੈ। ਕਿਰਪਾ ਕਰਕੇ ਇਹ ਵੀ ਚੇਤੇ ਰੱਖੋ ਕਿ ਫ਼ਾਰਮ 15 ਜੀ ਜਮ੍ਹਾ ਕਰਵਾਉਣ ਵਿੱਚ ਕਿਸੇ ਵੀ ਦੇਰ/ਅਣਗਹਿਲੀ ਕਾਰਨ ਇਹ ਫ਼ਾਰਮ ਜਮ੍ਹਾ ਕਰਵਾਉਣ (ਸ਼ਾਖਾ ਵਿੱਚ) ਦੀ ਮਿਤੀ ਨੂੰ ਜਾਂ ਪਹਿਲਾਂ ਅਦਾ ਕੀਤੇ/ਕ੍ਰੈਡਿਟ ਕੀਤੇ ਵਿਆਜ ਉੱਤੇ ਉਚਿਤ ਟੀਡੀਐਸ ਲਾਗੂ ਹੋਵੇਗਾ। ਇਸ ਲਈ ਟੀਡੀਐਸ ਦੇ ਰਿਫ਼ੰਡ ਦਾ ਕੋਈ ਵੀ ਦਾਅਵਾ ਸਿੱਧਾ ਆਮਦਨ ਕਰ ਵਿਭਾਗ ਵਿੱਚ ਦਾਇਰ ਹੋਵੇਗਾ, ਬੈਂਕ ਵਿੱਚ ਨਹੀਂ।
3. **ਇਕ** ਵਿਅਕਤੀ ਦੇ ਮਾਮਲੇ ਵਿੱਚ (ਨਿਯਮ 29 ਸੀ ਨਾਲ ਪੜ੍ਹੀ ਧਾਰਾ 197 ਏ (1 ਸੀ):
   ੳ. ਜੋ ਭਾਰਤ ਵਿੱਚ **ਨਿਵਾਸੀ** ਹੈ; *ਅਤੇ*
   ਅ. ਸਬੰਧਿਤ ਵਿੱਤ ਵਰ੍ਹੇ ਦੌਰਾਨ (1 ਅਪ੍ਰੈਲ ਤੋਂ 31 ਮਾਰਚ ਤਕ) **ਕਿਸੇ ਵੀ ਵੇਲੇ ਜਿਸ ਦੀ ਉਮਰ 65 ਸਾਲ ਜਾਂ ਵੱਧ** ਹੋਵੇ; *ਅਤੇ*
   ੲ. ਜਿਸ ਦੀ ਸਬੰਧਿਤ ਵਿੱਤ ਵਰ੍ਹੇ ਦੀ ਕੁੱਲ ਅੰਦਾਜ਼ਨ ਆਮਦਨ ਉੱਤੇ **ਸਾਲਾਨਾ ਕੁੱਲ ਆਮਦਨ ਕਰ ਦੀ ਦੇਣਦਾਰੀ ਸਿਫ਼ਰ** ਹੈ (ਕਿਰਪਾ ਕਰਕੇ ਚੇਤੇ ਰੱਖੋ ਕਿ ਕੁੱਲ ਆਮਦਨ ਕਰ ਦੀ ਦੇਣਦਾਰੀ ਦਾ ਹਿਸਾਬ ਕੋਈ ਵੀ ਟੀਡੀਐਸ ਛੱਡ ਕੇ ਕਰਨਾ ਚਾਹੀਦਾ ਹੈ); *ਅਤੇ*
   ਸ. ਜੋ ਆਪਣੇ ਆਪ ਵਿੱਚ, ਜੋ ਹਰ ਵਿੱਤ ਵਰ੍ਹੇ ਲਈ **ਸਮਾਂ ਰਹਿੰਦੇ ਤਜਵੀਜ਼ ਕੀਤੇ ਫ਼ਾਰਮ ਨੰ. 15 ਐਚ (ਦੋ ਕਾਪੀਆਂ)** ਵਿੱਚ ਪੂਰਾ ਭਰਿਆ ਐਲਾਨ ਸ਼ਾਖਾ ਵਿੱਚ ਜਮ੍ਹਾ ਕਰਵਾਉਂਦਾ ਹੈ। ਕਿਰਪਾ ਕਰਕੇ ਚੇਤੇ ਰੱਖੋ ਕਿ ਫ਼ਾਰਮ 15 ਐਚ ਹਰ ਵਿੱਤ ਵਰ੍ਹੇ ਲਈ ਜਮ੍ਹਾ ਕਰਵਾਉਣਾ ਹੁੰਦਾ ਹੈ। ਕਿਰਪਾ ਕਰਕੇ ਇਹ ਵੀ ਚੇਤੇ ਰੱਖੋ ਕਿ ਫ਼ਾਰਮ 15 ਐਚ ਜਮ੍ਹਾ ਕਰਵਾਉਣ ਵਿੱਚ ਕਿਸੇ ਵੀ ਦੇਰ/ਅਣਗਹਿਲੀ ਕਾਰਨ ਇਹ ਫ਼ਾਰਮ ਜਮ੍ਹਾ ਕਰਵਾਉਣ (ਸ਼ਾਖਾ ਵਿੱਚ) ਦੀ ਮਿਤੀ ਨੂੰ ਜਾਂ ਪਹਿਲਾਂ ਅਦਾ ਕੀਤੇ/ਕ੍ਰੈਡਿਟ ਕੀਤੇ ਵਿਆਜ ਉੱਤੇ ਉਚਿਤ ਟੀਡੀਐਸ ਲਾਗੂ ਹੋਵੇਗਾ। ਇਸ ਲਈ ਟੀਡੀਐਸ ਦੇ ਰਿਫ਼ੰਡ ਦਾ ਕੋਈ ਵੀ ਦਾਅਵਾ ਸਿੱਧਾ ਆਮਦਨ ਕਰ ਵਿਭਾਗ ਵਿੱਚ ਦਾਇਰ ਹੋਵੇਗਾ, ਬੈਂਕ ਵਿੱਚ ਨਹੀਂ।

HSBC

Issued by The Hongkong and Shanghai Banking Corporation Limited, India (HSBC). Incorporated in Hong Kong SAR with limited liability.